## ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,
## ਜਿਲ੍ਹਾ ਕਚਹਿਰੀਆਂ ਕੰਪਲੈਕਸ, ਐਸ.ਏ.ਐਸ. ਨਗਰ
## ਫੋਨ ਨੰਬਰ 0172-2219170

# ਪਬਲਿਕ ਨੋਟਿਸ

**"If you have the zeal in you, we need you"**

ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਦੀ ਸੋਧੀ (Revised) ਪੈਰਾ ਲੀਗਲ ਵਲੰਟੀਅਰ ਸਕੀਮ ਤਹਿਤ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਲਈ ਸਵੈ-ਇੱਛਾ (Volunterly) ਨਾਲ ਕੰਮ ਕਰਨ ਦੇ ਚਾਹਵਾਨ, ਜਿਲ੍ਹਾ ਐਸ.ਏ.ਐਸ. ਨਗਰ ਦੇ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਦੇ ਪੱਕੇ ਵਸਨੀਕ, ਪੜ੍ਹੇ-ਲਿਖੇ, ਯੋਗ ਅਤੇ ਸਮਾਜ ਸੇਵਾ ਦੀ ਭਾਵਨਾ ਰੱਖਣ ਵਾਲੇ ਵਿਅਕਤੀਆਂ ਵਿੱਚੋਂ ਯੋਗ Para Legal Volunteers ਦੀ ਚੋਣ ਕੀਤੀ ਜਾਣੀ ਹੈ । ਘੱਟੋ-ਘੱਟ ਦਸਵੀਂ (ਪੰਜਾਬੀ ਵਿਸ਼ੇ ਨਾਲ) ਪਾਸ ਜਾਂ ਇਸ ਤੋਂ ਵੱਧ ਪੜ੍ਹੇ-ਲਿਖੇ ਹੇਠ ਦਰਸਾਈਆਂ ਗਈਆਂ ਕੈਟਾਗਰੀਆਂ ਨਾਲ ਸਬੰਧਤ ਅਜਿਹੇ ਵਿਅਕਤੀ ਜੋ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਜਾਂ ਉਪ ਮੰਡਲ ਪੱਧਰੀ ਕਾਨੂੰਨੀ ਸੇਵਾਵਾਂ ਕਮੇਟੀਆਂ- ਖਰੜ ਅਤੇ ਡੇਰਾਬੱਸੀ ਲਈ ਸਵੈ-ਇੱਛਾ ਨਾਲ ਬਤੌਰ ਪੈਰਾ ਲੀਗਲ ਵਲੰਟੀਅਰ ਕੰਮ ਕਰਨ ਦੇ ਚਾਹਵਾਨ ਹੋਣ, ਆਪਣੀ ਦਰਖਾਸਤ ਨਾਲ ਨੱਥੀ ਨਿਰਧਾਰਤ ਪ੍ਰੋਫਾਰਮੇ ਵਿੱਚ ਭਰਕੇ ਸਮੇਤ ਤਾਜ਼ੀਆਂ ਖਿਚਵਾਈਆਂ ਗਈਆਂ ਦੋ ਫੋਟੋਆਂ (ਜਿਨ੍ਹਾਂ ਵਿੱਚੋਂ ਇੱਕ ਦਰਖਾਸਤ ਫਾਰਮ ਤੇ ਨਿਰਧਾਰਤ ਕਾਲਮ ਵਿੱਚ ਚਿਪਕਾਈ ਜਾਵੇ ਅਤੇ ਦੂਜੀ ਅਲੱਗ ਤੋਂ ਨੱਥੀ ਕੀਤੀ ਜਾਵੇ) ਮਿਤੀ 20.06.2025 ਸ਼ਾਮ 5.00 ਵਜੇ ਤੱਕ ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜ਼ਮੀਨੀ ਮੰਜ਼ਿਲ, ਏ.ਡੀ.ਆਰ. ਸੈਂਟਰ, ਜਿਲ੍ਹਾ ਕਚਹਿਰੀਆਂ ਕੰਪਲੈਕਸ, ਸੈਕਟਰ 76, ਐਸ.ਏ.ਐਸ. ਨਗਰ ਦੇ ਦਫਤਰ ਵਿੱਚ ਦੇ ਸਕਦੇ ਹਨ :-

**ਹੇਠ ਦਰਸਾਈਆਂ ਸ੍ਰੇਣੀਆਂ (Categories) ਨਾਲ ਸਬੰਧਤ ਵਿਅਕਤੀ ਪੈਰਾ ਲੀਗਲ ਵੰਲਟੀਅਰ ਬਣਨ ਲਈ ਦਰਖਾਸਤ ਦੇ ਸਕਦੇ ਹਨ :-**

* Teachers (including retired teachers).
* Retired Government servants and senior citizens.
* M.S.W. students and teachers.
* Anganwadi workers.
* Doctors/Physicians.
* Students & Law Students (till they enroll as lawyers).
* Members of Non-political, service oriented NGOs and Clubs.
* Members of Women Neighborhood Groups, Maithri Sanghams and other Self Help Groups including of marginalized/vulnerable groups.
* Educated prisoners with good behavior, serving long term sentences in prisons.
* Any other person who is interested for Social Service.

ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਪੈਰਾ ਲੀਗਲ ਵਲੰਟੀਅਰ ਵੱਜੋਂ ਚੁਣੇ ਜਾਣ ਵਾਲੇ ਵਿਅਕਤੀਆਂ ਨੂੰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਵੱਲੋਂ ਸਮੇਂ-ਸਮੇਂ ਸਿਰ ਨਿਰਧਾਰਤ ਕੀਤੇ ਜਾਣ ਵਾਲੇ ਮਾਣ-ਭੱਤੇ (Honourarium) ਤੋਂ ਇਲਾਵਾ ਕਿਸੇ ਕਿਸਮ ਦੀ ਤਨਖਾਹ (Salary) ਜਾਂ ਮਿਹਨਤਾਨੇ (Remuneration) ਜਾਂ ਉਜਰਤਾਂ (Wages) ਦੀ ਅਦਾਇਗੀ ਨਹੀਂ ਕੀਤੀ ਜਾਵੇਗੀ ਅਤੇ ਕੇਵਲ ਕੰਮ ਵਾਲੇ ਦਿਨ ਦੀ ਨਿਯਮਾਂ ਅਨੁਸਾਰ ਬਣਦੀ ਮਾਣ-ਭੱਤੇ (Honourarium) ਦੀ ਅਦਾਇਗੀ ਕੀਤੀ ਜਾਵੇਗੀ । ਪੈਨਲ ਲਈ ਚੁਣੇ ਜਾਣ ਵਾਲੇ ਵਿਅਕਤੀਆਂ ਨੂੰ ਜਿਲ੍ਹਾ ਕਾਨੂੰਨੀ

ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਜਾਂ ਉਪ ਮੰਡਲ ਪੱਧਰੀ ਕਾਨੂੰਨੀ ਸੇਵਾਵਾਂ ਕਮੇਟੀਆਂ- ਖਰੜ ਅਤੇ ਡੇਰਾਬੱਸੀ ਵੱਲੋਂ ਸਮੇਂ-ਸਮੇਂ ਸਿਰ ਲੋੜ ਅਨੁਸਾਰ ਆਯੋਜਿਤ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਵਿੱਚ ਸ਼ਾਮਲ ਕੀਤਾ ਜਾਵੇਗਾ ।

ਵਿਸ਼ੇਸ਼ ਨੋਟ:- (1) ਪੈਰਾ ਲੀਗਲ ਵਲੰਟੀਅਰ ਬਣਨ ਲਈ ਦਰਖਾਸਤ ਦੇਣ ਵਾਲੇ ਉਮੀਦਵਾਰ ਦਾ ਕੋਈ ਸਿਵਲ ਜਾਂ ਫੌਜਦਾਰੀ ਕੇਸ ਜਾਂ ਮਾਮਲਾ ਜਿਲ੍ਹਾ ਕਚਹਿਰੀਆਂ, ਐਸ.ਏ.ਐਸ. ਨਗਰ ਜਾਂ ਸਿਵਲ ਕੋਰਟਸ-ਖਰੜ ਜਾਂ ਡੇਰਾਬੱਸੀ ਦੀ ਕਿਸੇ ਵੀ ਨਿਆਂਇਕ ਅਦਾਲਤ ਵਿੱਚ ਲੰਬਤ ਨਹੀਂ ਹੋਣ ਚਾਹੀਦਾ ਅਤੇ ਨਾ ਹੀ ਉਮੀਦਵਾਰ ਨੂੰ ਕਿਸੇ ਕੇਸ ਵਿੱਚ ਕਿਸੇ ਨਿਆਂਇਕ ਅਦਾਲਤ ਵੱਲੋਂ ਕਦੇ ਕੋਈ ਸਜ਼ਾ ਸੁਣਾਈ ਗਈ ਹੋਵੇ ।

(2) ਦਰਖਾਸਤ ਫਾਰਮ ਦੀ ਕੇਵਲ Hard Copy ਹੀ ਸਵੀਕਾਰ ਕੀਤੀ ਜਾਵੇਗੀ ਅਤੇ ਈ.ਮੇਲ ਜਾਂ ਕਿਸੇ ਹੋਰ ਮਾਧਿਅਮ ਰਾਹੀਂ ਭੇਜੀ ਗਈ ਦਰਖਾਸਤ ਸਵੀਕਾਰ ਨਹੀਂ ਕੀਤੀ ਜਾਵੇਗੀ ।

(3) ਨਿਰਧਾਰਤ ਮਿਤੀ ਤੋਂ ਬਾਅਦ ਪ੍ਰਾਪਤ ਹੋਣ ਵਾਲੀਆਂ ਦਰਖਾਸਤਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ

(4) ਕਿਸੇ ਕਿਸਮ ਦੀ ਪੁੱਛ-ਗਿੱਛ (query) ਲਈ ਇਸ ਦਫਤਰ ਦੇ ਫੋਨ ਨੰ: 0172-2219170 ਤੇ ਸੰਪਰਕ ਕੀਤਾ ਜਾ ਸਕਦਾ ਹੈ ।

ਮਿਤੀ : 19.05.2025

-ਸਹੀ-
ਚੇਅਰਮੈਨ,
ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,
ਐਸ.ਏ.ਐਸ. ਨਗਰ

# ਪੈਰਾ ਲੀਗਲ ਵਲੰਟੀਅਰ ਬਣਨ ਲਈ ਦਰਖਾਸਤ ਦੇਣ ਲਈ ਪ੍ਰੋਫਾਰਮਾ

ਇੱਥੇ ਤਾਜ਼ੀ ਖਿਚਵਾਈ ਗਈ ਫੋਟੋ ਚਿਪਕਾਈ ਜਾਵੇ

1. ਨਾਮ : ______________________
2. ਪਿਤਾ/ਪਤੀ ਦਾ ਨਾਮ : ______________________
3. ਜਨਮ ਦੀ ਮਿਤੀ : ______________________
4. (01.01.2025 ਨੂੰ ਉਮਰ) : ______________________
5. ਕੈਟਾਗਰੀ (General/SC/ST/Minority) : ______________________
   (Attach proof)
6. ਘਰ ਦਾ ਪੱਕਾ ਪਤਾ : ______________________
   ______________________
   ______________________
7. ਪੱਤਰ ਵਿਹਾਰ ਲਈ ਪਤਾ : ______________________
   ______________________
8. ਵਿਦਿੱਅਕ ਯੋਗਤਾਵਾਂ (Attach Proof) : ______________________
9. ਕੰਮ ਦਾ ਖੇਤਰ : ______________________
10. ਤਜ਼ਰਬਾ (ਜੇਕਰ ਕੋਈ ਹੋਵੇ) : ______________________
11. ਕਿੱਥੇ ਕੰਮ ਕਰਨ ਦੇ ਇੱਛੁਕ ਹੋ (ਜ਼ਿਲ੍ਹਾ ਪੱਧਰ ਤੇ/ਉਪ ਮੰਡਲ ਪੱਧਰ ਤੇ/ ਪਿੰਡ ਪੱਧਰ ਤੇ) : ______________________
12. ਮੋਬਾਇਲ ਨੰਬਰ (Mandatory) : ______________________
13. ਈ.ਮੇਲ ID : ______________________

## ਸਵੈ ਘੋਸ਼ਣਾ

ਮੈਂ ਇਸ਼ਤਿਹਾਰ/ਨੋਟਿਸ ਵਿੱਚ ਦਰਜ ਸਾਰੇ ਨਿਯਮ ਅਤੇ ਸ਼ਰਤਾਂ ਧਿਆਨ ਨਾਲ ਪੜ੍ਹ ਲਈਆਂ ਹਨ ਅਤੇ ਮੈਂ ਇਨ੍ਹਾਂ ਨਿਯਮਾਂ/ਸ਼ਰਤਾਂ ਨਾਲ ਸਹਿਮਤ ਹਾਂ । ਮੈਂ ਇਹ ਵੀ ਬਿਆਨ ਕਰਦਾ ਹਾਂ ਕਿ ਮੇਰਾ ਕੋਈ ਸਿਵਲ ਜਾਂ ਫੌਜਦਾਰੀ ਕੇਸ ਜਾਂ ਮਾਮਲਾ ਜਿਲ੍ਹਾ ਕਚਹਿਰੀਆਂ, ਐਸ.ਏ.ਐਸ. ਨਗਰ ਜਾਂ ਸਿਵਲ ਕੋਰਟਸ-ਖਰੜ ਜਾਂ ਡੇਰਾਬੱਸੀ ਦੀ ਕਿਸੇ ਵੀ ਨਿਆਂਇਕ ਅਦਾਲਤ ਵਿੱਚ ਲੰਬਤ ਨਹੀਂ ਹੈ ਅਤੇ ਨਾ ਹੀ ਮੈਨੂੰ ਕਦੇ ਕਿਸੇ ਕੇਸ ਵਿੱਚ ਕਿਸੇ ਨਿਆਂਇਕ ਅਦਾਲਤ ਵੱਲੋਂ ਕੋਈ ਸਜ਼ਾ ਸੁਣਾਈ ਗਈ ਹੈ ।

ਮੈਂ ਇਹ ਵੀ ਸਵੈ-ਘੋਸ਼ਣਾ ਕਰਦਾ ਹਾਂ ਕਿ ਮੇਰੇ ਵੱਲੋਂ ਉਪਰੋਕਤ ਦਿੱਤੀ ਗਈ ਜਾਣਕਾਰੀ ਅਤੇ ਸੂਚਨਾ ਮੇਰੀ ਸਮਝ ਅਤੇ ਸੂਝ-ਬੂਝ ਅਨੁਸਾਰ ਸਹੀ ਤੇ ਦਰੁਸਤ ਹੈ ਅਤੇ ਇਸ ਵਿੱਚ ਮੈਂ ਕੋਈ ਗੱਲ ਲੁਕਾ-ਛਿਪਾ ਕੇ ਨਹੀਂ ਰੱਖੀ ਹੈ। ਜੇਕਰ ਮੇਰੇ ਵੱਲੋਂ ਦਿੱਤੀ ਗਈ ਜਾਣਕਾਰੀ ਵਿੱਚ ਕੋਈ ਤੱਥ ਗਲਤ ਪਾਇਆ ਜਾਂਦਾ ਹੈ ਤਾਂ ਮੇਰੀ ਦਰਖਾਸਤ/ਉਮੀਦਵਾਰੀ ਬਿਨਾਂ ਕਿਸੇ ਸੂਚਨਾ ਦੇ ਰੱਦ ਕਰ ਦਿੱਤੀ ਜਾਵੇ ਜਿਸ ਵਿੱਚ ਮੈਨੂੰ ਕੋਈ ਇਤਰਾਜ਼ ਨਹੀਂ ਹੋਵੇਗਾ ।

ਮਿਤੀ : (ਉਮੀਦਵਾਰ ਦੇ ਦਸਤਖਤ)